# HOMEWORK WEEK OF 11/2/2019

| Translate below story into PUNJABI |
|---|
| Jaiveer has a pet. |
| His pet is pig. |
| His pig is pink. |
| His pig has a name. |
| Its name is porky. |
| Porky has four legs. |
| Porky has one nose. |
| Porky has pointy ears. |
| Poky has a curly tail. |
| Jaiveer feeds his pig. |
| Porky eats veggies. |
| Porky eats grass. |
| Porky eats bugs. |
| Porky is very fat. |
| Jaiveer loves his pig. |
| |

We will have a quiz on below topics

ਵਿਆਕਰਣ.......

ਕਿਰਿਆ

ਪੜਨਾਂਵ ਦੀਆਂ ਕਿਸਮਾਂ ( Make sure you can identify the types of Pronouns from any given sentences .

Make sure you can identify Full Verbs from any given sentences.

# What is a VERB?

- The VERB is the *action* of the sentence.
- It says what the SUBJECT is doing.
- Examples: to run, to sleep, to be, to write, to love.



- *Note*: “to” + the VERB = “the infinitive” (How the verb looks in the dictionary).

# ਕਿਰਿਆ / Verb,

ਕਿਰਿਆ :- ਜਿਹੜਾ ਸ਼ਬਦ ਕਿਸੇ ਵਸਤੂ ਦੇ ਕੰਮ ਨੂੰ ਕਾਲ ਸਹਿਤ ਹੋਣਾ ਜਾਂ ਕਰਨਾ ਪਰਗਟ ਕਰੇ,
ਉਸ ਨੂੰ ਕਿਰਿਆ ਆਖਦੇ ਹਨ, ਜਿਵੇਂ:- ਹਸਦਾ, ਉਡਦਾ,
ਵਰ੍ਹਦਾ, ਖਾਧੀ, ਜਾਵੇਗਾ, ਆਦਿ ਸ਼ਬਦ ' ਕਿਰਿਆ ' ਹਨ।

ਹਰ ਵਾਕ ਵਿੱਚ ਕਿਰਿਆ ਹੁੰਦੀ ਹੈ।
ਕਿਰਿਆ ਆਮ ਤੌਰ 'ਤੇ ਵਾਕ ਦੇ ਅੰਤ ਵਿੱਚ ਆਉਂਦੀ ਹੈ।
ਕਿਰਿਆ ਤੋਂ ਬਿਨਾਂ ਕਿਸੇ ਵਾਕ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ।

ਕਿਰਿਆ ਤੋਂ ਵਾਕ ਵਿੱਚ ਕਰਤਾ, ਕਰਮ, ਕਰਨ ਆਦਿ ਦਾ ਪਤਾ ਲਗਦਾ

# CIRCLE FULL VERBS

| | |
|---|---|
| ਮੁੰਡਾ ਸਕੂਲ ਜਾਂਦਾ ਹੈ । | ਬਾਬਾ ਜੀ ਪਾਠ ਕਰਦੇ ਹਨ। |
| ਗੁਰੂਦੁਆਰਾ ਬਹੁਤ ਸੋਹਣਾ ਹੈ। | ਮਾਸੀ ਜੀ ਸ਼ਬਦ ਪੜ੍ਹਦੇ ਹਨ । |
| ਮਾਸਟਰ ਪੰਜਾਬੀ ਬੋਲਦੇ ਹਨ । | ਬਿੱਲਾ ਸੌਂਦਾ ਸੀ। |
| ਘੋੜੀ ਪਾਣੀ ਪੀਂਦੀ ਸੀ । | ਮਾਮੀ ਪੱਖੀ ਲਿਆਈ । |
| ਨਾਨਾ ਰੋਟੀ ਖਾਂਦਾ ਸੀ । | ਕੁੜੀ ਗੀਤ ਗਾ ਰਹੀ ਹੈ । |
| ਪਤੀ ਚਾਹ ਪੀਂਦਾ ਸੀ । | ਲੜਕਾ ਬੇਸਬਾਲ ਖੇਡਦਾ ਹੈ । |
| ਕੁੱਕੜ ਤੇਜ ਭੱਜਦਾ ਹੈ । | |
| ਮਾਤਾ ਜੀ ਸਬਜੀ ਖਾਂਦੇ ਹਨ । | |
| ਸ਼ੇਰ ਜੰਗਲ ਦਾ ਰਾਜਾ ਹੈ। | ਨਾਨੀ ਨਾਨਕੇ ਰਹਿੰਦੀ ਸੀ। |
| ਰੱਸਾ ਟੁੱਟੇਗਾ । | ਦੋਹਤਾ ਨਾਨਕੇ ਆਇਆ ਸੀ। |
| ਵਿਚੋਲਣ ਵਿਆਹ ਕਰੇਗੀ। | |
| ਮੁੰਡਾ ਕਿਤਾਬ ਪੜ੍ਹਦਾ ਸੀ । | ਮੋਰ ਪੈਲ ਪਾਉਂਦਾ ਹੈ । |
| ਕੁੱਤਾ ਭੌਂਕਦਾ ਸੀ। | ਤੀਵੀਆਂ ਪਕੌੜੇ ਖਾਂਦੀਆਂ ਹਨ । |
| ਪਲੇਟ ਵੱਡੀ ਨਹੀਂ ਸੀ । | |
| ਸ਼ੇਰਨੀ ਦੌੜਦੀ ਸੀ। | |
| ਮਾਂ ਪਿਆਰ ਕਰਦੀ ਹੈ। | ਗਾਂ ਦੁੱਧ ਦਿੰਦੀ ਹੈ । |

Read Page 13, 14, 15 and complete page 16.

Read page 20

VIRSA HOMEWORK

Memorize history questions 1-50 (PLEASE MEMORIZE THESE HQ's .These are from 2nd grade and most of you are not doing well ☹

Read Japji Sahib

Read Sakhi from page 99 then do than complete page 100

Write a summary on Page 99 in your notebooks.

Read ਸੱਚਾ ਸੌਦਾ Sakhi and write a brief summary in

your own words .

# ਸੱਚਾ ਸੌਦਾ

ਗੁਰੂ ਨਾਨਕ ਦੇਵ ਜਦੋਂ ਅਠਾਰਾਂ ਵਰ੍ਹਿਆਂ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਨੇ ਸੋਚਿਆ ਕਿ ਪੁੱਤਰ ਨੂੰ ਸੌਦਾਗਰੀ ਦੇ ਕੰਮ-ਕਾਰ ਵਿਚ ਪਾਇਆ ਜਾਵੇ, ਜਿਸ ਵਿਚ ਪੈਸੇ ਵੀ ਚੰਗੇ ਬਚ ਜਾਇਆ ਕਰਨਗੇ ਅਤੇ ਪੁੱਤਰ ਦਾ ਮਨ, ਗਾਹਕਾਂ ਦੇ ਨਾਲ ਲੈਣ-ਦੇਣ ਦੀਆਂ ਗੱਲਾਂ-ਬਾਤਾਂ ਕਰ ਕੇ ਸਾਰਾ ਦਿਨ ਖ਼ੁਸ਼ ਰਹੇਗਾ। ਇਹ ਸੋਚ, ਚੰਗਾ ਸ਼ੁਭ ਦਿਨ ਦੇਖ ਕੇ ਉਨ੍ਹਾਂ ਨੇ ਭਾਈ ਬਾਲੇ ਨੂੰ ਬੁਲਾ ਲਿਆ। ਭਾਈ ਬਾਲੇ ਨੂੰ ਵੀਹ ਰੁਪਏ ਦੇ ਕੇ ਕਿਹਾ, "ਤੁਸੀਂ ਦੋਵੇਂ ਜਾਉ। ਕੋਈ ਸੱਚਾ ਸੌਦਾ ਖ਼ਰੀਦ ਕੇ ਲੈ ਆਵੋ, ਜਿਸ ਨੂੰ ਵੇਚਣ ਨਾਲ ਆਪਾਂ ਨੂੰ ਕਾਫ਼ੀ ਬੱਚਤ ਹੋਵੇ। ਇਸ ਤਰ੍ਹਾਂ ਜੇ ਤੁਸੀਂ ਵਾਧੇ ਵਾਲਾ ਸੌਦਾ ਕੀਤਾ ਤਾਂ ਮੈਂ ਤੁਹਾਨੂੰ ਅੱਗੇ ਤੋਂ ਵੱਧ ਪੈਸੇ ਦੇ ਕੇ ਹੋਰ ਸੌਦਾ ਖ਼ਰੀਦਣ ਭੇਜਾਂਗਾ।"

ਗੁਰੂ ਜੀ ਅਤੇ ਭਾਈ ਬਾਲਾ ਤਲਵੰਡੀ ਤੋਂ ਚੂਹੜਕਾਣੇ ਵੱਲ ਨੂੰ ਖਰਾ ਸੌਦਾ ਕਰਨ ਲਈ ਚਲ ਪਏ। ਪਿੰਡ ਤੋਂ ਕੋਈ ਦਸ ਬਾਰਾਂ ਮੀਲ ਹੀ ਗਏ ਸਨ ਕਿ ਉਨ੍ਹਾਂ ਨੇ ਜੰਗਲ ਵਿਚ ਇੱਕ ਸਾਧਾਂ ਦੀ ਟੋਲੀ ਬੈਠੀ ਦੇਖੀ। ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਪਿਤਾ ਜੀ ਨੇ ਆਪਾਂ ਨੂੰ ਕੋਈ ਸੱਚਾ ਸੌਦਾ ਕਰਨ ਲਈ ਕਿਹਾ ਹੈ। ਇਨ੍ਹਾਂ ਨੰਗੇ ਭੁੱਖੇ ਸਾਧਾਂ ਨੂੰ ਕੱਪੜੇ ਅਤੇ ਭੋਜਨ ਦੇਣ ਨਾਲੋਂ ਹੋਰ ਕਿਹੜਾ ਸੱਚਾ ਸੌਦਾ ਹੋ ਸਕਦਾ ਹੈ। ਮੈਂ ਇਹ ਸੌਦਾ ਨਹੀਂ ਛੱਡ ਸਕਦਾ। ਇਸ ਤਰ੍ਹਾਂ ਦੇ ਸੱਚੇ ਸੌਦੇ ਕਰਨ ਦਾ ਮੌਕਾ ਕਦੇ-ਕਦਾਈਂ ਹੱਥ ਆਉਂਦਾ ਹੈ।" ਗੁਰੂ ਜੀ ਨੇ ਭਾਈ ਬਾਲੇ ਪਾਸੋਂ ਸਾਰੇ ਪੈਸੇ ਲੈ ਕੇ ਸਾਧਾਂ ਦੇ ਆਗੂ ਅੱਗੇ ਰਖਦਿਆਂ ਕਿਹਾ, "ਮੈਂ ਆਪਦੀ ਸੇਵਾ ਵਿਚ ਇਹ ਭੇਟ ਕਰ ਰਿਹਾ ਹਾਂ।"

ਸਾਧਾਂ ਦੇ ਆਗੂ ਨੇ ਕਿਹਾ, "ਬੇਟਾ, ਇਹ ਪੈਸੇ ਸਾਡੇ ਕਿਸੇ ਕੰਮ ਨਹੀਂ। ਅਸੀਂ ਬਸਤੀਆਂ ਵਿਚ ਨਹੀਂ ਜਾਂਦੇ। ਅਸੀਂ ਜੰਗਲ ਵਿਚ ਹੀ ਰਹਿੰਦੇ ਹਾਂ। ਜੇ ਤੁਸੀਂ ਇਨ੍ਹਾਂ ਪੈਸਿਆਂ ਦਾ ਭੋਜਨ ਤਿਆਰ ਕਰਵਾ ਦੇਵੋ ਤਾਂ ਅਸੀਂ ਸਵੀਕਾਰ ਕਰ ਲਵਾਂਗੇ।" ਗੁਰੂ ਜੀ ਅਤੇ ਭਾਈ ਬਾਲਾ ਨੇੜੇ ਦੇ ਪਿੰਡ ਵਿਚ ਗਏ। ਉਨ੍ਹਾਂ ਪੈਸਿਆਂ ਦਾ ਭੋਜਨ ਤਿਆਰ ਕਰਵਾ ਕੇ ਲੈ ਆਏ। ਉਹ ਭੋਜਨ ਉਨ੍ਹਾਂ ਸਾਰੇ ਸਾਧਾਂ ਨੂੰ ਵਰਤਾ ਦਿੱਤਾ। ਜਿਹੜੇ ਪੈਸੇ ਬਚ ਗਏ ਉਨ੍ਹਾਂ ਦੇ ਕੱਪੜੇ ਲੈ ਕੇ ਨੰਗੇ ਸਾਧਾਂ ਨੂੰ ਦੇ ਦਿੱਤੇ। ਸਾਧਾਂ ਦੇ ਆਗੂ ਪਾਸੋਂ ਆਗਿਆ ਲੈ ਕੇ, ਖ਼ਾਲੀ ਹੱਥ, ਦੋਵੇਂ ਤਲਵੰਡੀ ਨੂੰ ਵਾਪਸ ਮੁੜ ਆਏ।

ਉਹ ਦੋਵੇਂ ਜਦੋਂ ਪਿੰਡ ਤਲਵੰਡੀ ਦੇ ਨੇੜੇ ਪੁੱਜੇ ਤਾਂ ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਭਾਈ ਬਾਲਿਆ, ਤੂੰ ਇਕੱਲਾ ਹੀ ਪਿੰਡ ਨੂੰ ਚਲਿਆ ਜਾ। ਮੈਂ ਇਸ ਖੂਹ ਉੱਪਰ ਬੈਠਾਂਗਾ।" ਭਾਈ ਬਾਲੇ ਨੇ ਪਿੰਡ ਜਾ ਕੇ ਸਾਰੀ ਕਹਾਣੀ ਮਹਿਤਾ ਕਾਲੂ ਨੂੰ ਦੱਸ ਦਿੱਤੀ। ਇਹ ਵੀ ਦੱਸ ਦਿੱਤਾ ਕਿ ਗੁਰੂ ਜੀ ਕਿੱਥੇ ਬੈਠੇ ਸਨ। ਮਹਿਤਾ ਕਾਲੂ ਨੂੰ ਗੁਰੂ ਜੀ ਦੇ ਇਸ ਤਰ੍ਹਾਂ ਸਾਧਾਂ ਨੂੰ ਪੈਸੇ ਲੁਟਾਉਣ ਉੱਪਰ ਬਹੁਤ ਗੁੱਸਾ ਆਇਆ। ਉਨ੍ਹਾਂ ਨੇ ਸਾਰੇ ਕੰਮ ਛੱਡ ਕੇ ਭਾਈ ਬਾਲੇ ਨੂੰ ਨਾਲ ਲਿਆ ਅਤੇ ਖੂਹ ਵੱਲ ਤੁਰ ਪਏ। ਖੂਹ ਉੱਪਰ ਪੁੱਜ ਕੇ ਉਨ੍ਹਾਂ ਗੁਰੂ ਜੀ ਨੂੰ ਫੜ ਕੇ ਦੋ ਚਾਰ ਚਪੇੜਾਂ ਟਿਕਾ ਦਿੱਤੀਆਂ। ਭਾਈ ਬਾਲਾ ਉਸ ਵੇਲੇ ਵੀ ਕਹਿ ਰਿਹਾ ਸੀ, "ਮਹਿਤਾ ਜੀ, ਤੁਸੀਂ ਸਾਨੂੰ ਤੁਰਨ ਲੱਗਿਆਂ ਨੂੰ ਕਿਹਾ ਸੀ ਕਿ ਕੋਈ ਸੱਚਾ ਸੌਦਾ ਕਰ ਕੇ ਆਉਣਾ। ਤੁਸੀਂ ਭਾਵੇਂ ਮੰਨੋ ਜਾਂ ਨਾ ਮੰਨੋ, ਗੁਰੂ ਜੀ ਨੇ ਸੱਚਾ ਸੌਦਾ ਹੀ ਕੀਤਾ ਹੈ।" ਮਹਿਤਾ ਕਾਲੂ ਲਈ ਧਨ ਇਕੱਠਾ ਕਰਨਾ ਹੀ ਸੱਚਾ ਸੌਦਾ ਸੀ, ਕਿਉਂਕਿ ਇਸ ਦੁਨੀਆਂ ਵਿਚ ਧਨੀ ਹੀ ਖ਼ਾਨਦਾਨੀ ਹੈ, ਧਨੀ ਅਕਲਾਂ ਵਾਲਾ ਹੈ, ਧਨੀ ਹੀ ਸ਼ਰੀਫ਼, ਈਮਾਨਦਾਰ, ਧਰਮੀ ਅਤੇ ਦਾਨੀ ਹੈ। ਧਨ ਭਾਵੇਂ ਉਸ ਨੇ ਕਿਸੇ ਵੀ ਢੰਗ ਨਾਲ ਇਕੱਠਾ ਕੀਤਾ ਹੋਵੇ। ਉਸ ਧਨ ਦੀ ਵਿਚਾਰ ਸਿਰਫ਼ ਸੱਚਾ ਸੌਦਾ ਕਰਨ ਵਾਲੇ ਕਰਦੇ ਹਨ।